GOVERNMENT OF WESTERN AUSTRALIA

PathWest LABORATORY MEDICINE WA



# ਫਾਸਟਿੰਗ ਮੈਟਾਬੋਲਿਕ ਬੋਨ ਸਟੱਡੀ (FMBS)

ਬੁਕਿੰਗ ਕਰਵਾਉਣ ਦੀ ਲੋੜ ਨਹੀਂ ਹੈ

Punjabi | ਪੰਜਾਬੀ

ਇਹ ਟੈਸਟ PathWest ਦੇ ਸਾਰੇ ਟੈਸਟ ਕਰਨ ਲਈ ਨਮੂਨਾ ਲੈਣ ਵਾਲੇ ਸੈਂਟਰਾਂ 'ਤੇ ਕੀਤਾ ਜਾਂਦਾ ਹੈ। ਕਿਰਪਾ ਕਰਕੇ ਆਪਣੇ ਟੈਸਟ ਲਈ ਸਵੇਰੇ 10 ਵਜੇ ਤੋਂ ਪਹਿਲਾਂ ਕਿਸੇ ਨਮੂਨਾ ਲੈਣ ਵਾਲੇ ਸੈਂਟਰ ਵਿੱਚ ਜਾਓ।

## ਟੈਸਟ ਤੋਂ ਪਹਿਲਾਂ

- ਟੈਸਟ ਤੋਂ ਘੱਟੋ-ਘੱਟ 24 ਘੰਟੇ ਪਹਿਲਾਂ, ਕੈਲਸ਼ੀਅਮ, ਫਲੋਰਾਈਡ, ਵਿਟਾਮਿਨ ਡੀ ਜਾਂ ਡਾਇਯੂਰੇਟਿਕ ਸਪਲੀਮੈਂਟ ਲੈਣ ਤੋਂ ਬਚੋ।
- ਤੁਸੀਂ ਆਪਣੀ ਨਿਯਮਤ ਦਵਾਈ ਲੈ ਸਕਦੇ ਹੋ (ਜਦੋਂ ਤੱਕ ਕਿ ਤੁਹਾਡੇ ਡਾਕਟਰ ਦੁਆਰਾ ਕੁੱਝ ਹੋਰ ਕਰਨ ਨੂੰ ਨਾ ਕਿਹਾ ਗਿਆ ਹੋਵੇ)।

## ਟੈਸਟ ਤੋਂ ਪਹਿਲਾਂ ਦੀ ਰਾਤ

- ਟੈਸਟ ਤੋਂ ਘੱਟੋ-ਘੱਟ **10 ਘੰਟੇ** ਪਹਿਲਾਂ ਖ਼ਾਲੀ ਪੇਟ ਰਹਿਣਾ ਜ਼ਰੂਰੀ ਹੈ।
- ਇਸਦਾ ਮਤਲਬ ਹੈ ਕਿ ਚਾਹ, ਕੌਫੀ, ਜੂਸ, ਦੁੱਧ, ਚਿਊਇੰਗਮ ਜਾਂ ਖੰਘ ਲਈ ਚੂਸਣ ਵਾਲੀਆਂ ਗੋਲੀਆਂ ਸਮੇਤ ਕੋਈ ਵੀ ਤਰਲ (ਪਾਣੀ ਤੋਂ ਇਲਾਵਾ) ਜਾਂ ਭੋਜਨ ਨਹੀਂ ਖਾ-ਪੀ ਸਕਦੇ ਹੋ, ਕਿਉਂਕਿ ਇਹ ਤੁਹਾਡੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਪਿਆਸ ਲੱਗਣ 'ਤੇ ਤੁਸੀਂ ਪਾਣੀ ਪੀ ਸਕਦੇ ਹੋ।
- ਤੁਹਾਨੂੰ ਅਗਲੀ ਸਵੇਰ ਟੈਸਟ ਦੇ ਪੂਰਾ ਹੋਣ ਤੱਕ ਖ਼ਾਲੀ ਪੇਟ ਰਹਿਣਾ ਚਾਹੀਦਾ ਹੈ।

## ਟੈਸਟ ਹੋਣ ਵਾਲੀ ਸਵੇਰ

- ਕੁੱਝ ਵੀ ਨਾ ਖਾਓ-ਪੀਓ ਜਾਂ ਸਿਗਰਟ ਨਾ ਪੀਓ।
- ਟਾਇਲਟ ਵਿੱਚ ਜਾਓ ਅਤੇ ਆਪਣੇ ਬਲੈਡਰ ਨੂੰ ਖ਼ਾਲੀ ਕਰੋ।
- ਪਿਆਸ ਲੱਗਣ 'ਤੇ ਤੁਸੀਂ ਇੱਕ ਗਲਾਸ ਪਾਣੀ ਪੀ ਸਕਦੇ ਹੋ।

ਫਾਸਟਿੰਗ ਮੈਟਾਬੋਲਿਕ ਬੋਨ ਸਟੱਡੀ ਇੱਕ ਖ਼ੂਨ ਅਤੇ ਪਿਸ਼ਾਬ ਦਾ ਟੈਸਟ ਹੁੰਦਾ ਹੈ ਜੋ ਕੈਲਸ਼ੀਅਮ, ਫਾਸਫੇਟ, ਵਿਟਾਮਿਨ ਡੀ PTH (ਪੈਰਾਥਾਇਰਾਇਡ ਹਾਰਮੋਨ)ਅਤੇ ਹੱਡੀਆਂ ਦੇ ਨਿਸ਼ਾਨਾਂ ਦਾ ਮੁਲਾਂਕਣ ਕਰਨ ਲਈ ਵਰਤਿਆ ਜਾਂਦਾ ਹੈ।

ਇਸਦੀ ਵਰਤੋਂ ਓਸਟੀਓਪੋਰੋਸਿਸ, ਹੱਡੀਆਂ ਦੀਆਂ ਹੋਰ ਬਿਮਾਰੀਆਂ, ਗੁਰਦੇ ਦੀਆਂ ਪੱਥਰੀਆਂ ਅਤੇ ਪੈਰਾਥਾਇਰਾਇਡ ਦੇ ਹਾਲਤਾਂ ਦਾ ਮੁਲਾਂਕਣ ਕਰਨ ਅਤੇ ਨਿਗਰਾਨੀ ਕਰਨ ਲਈ ਕੀਤੀ ਜਾ ਸਕਦੀ ਹੈ।

ਇਸ ਟੈਸਟ ਵਿੱਚ ਇੱਕ ਖ਼ਾਸ ਡੱਬੇ ਵਿੱਚ ਖ਼ੂਨ ਅਤੇ ਪਿਸ਼ਾਬ ਦਾ ਨਮੂਨਾ ਲੈਣਾ ਸ਼ਾਮਿਲ ਹੁੰਦਾ ਹੈ।

ਬੇਦਾਅਵਾ: ਇਹ ਪ੍ਰਕਾਸ਼ਨ ਆਮ ਸਿੱਖਿਆ ਅਤੇ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਕਿਸੇ ਵੀ ਕਿਸਮ ਦੀ ਡਾਕਟਰੀ ਸਲਾਹ ਦੀ ਲੋੜ ਲਈ ਕਿਸੇ ਯੋਗਤਾ ਪ੍ਰਾਪਤ ਸਿਹਤ-ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।
© State of Western Australia, PathWest Laboratory Medicine WA 2024

13 PATH (7284) info.pathwest@health.wa.gov.au pathwest.health.wa.gov.au